# 04-ਗਰਾਂਟ ਟੂ ਸਟੂਡੈਂਟਸ ਸਟੱਡਿੰਗ ਇੰਨ ਮੈਡੀਕਲ ਐਂਡ ਇੰਜਨਿਅਰਿੰਗ ਕਾਲਜ਼ਿਜ਼
## (ਨਾਨ ਪਲਾਨ)

**ਮੰਤਵ**

ਇਸ ਸਕੀਮ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਗਰੀਬ ਵਰਗਾਂ ਦੇ ਵਿਦਿਆਰਥੀਆਂ ਨੂੰ ਉਹਨਾਂ ਦੀ ਮਾਲੀ ਹਾਲਤ ਕਮਜੋਰ ਹੋਣ ਕਾਰਨ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿੱਚ ਪੜਾਈ ਲਈ ਮੁਸਕਲਾਂ ਪੇਸ ਆਉਂਦੀਆਂ ਹਨ। ਰਾਜ ਸਰਕਾਰ ਵਲੋਂ ਭਾਰਤ ਸਰਕਾਰ ਦੀ ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਫਾਰ ਸਡਿਊਲਡ ਕਾਸਟਸ ਦੀ ਤਰਜ ਤੇ ਸਾਲ 1982-83 ਤੋ ਸੁਰੂ ਕੀਤੀ ਗਈ ਹੈ। ਇਹ ਸਕੀਮ ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਅਤੇ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਰਾਂਹੀ ਲਾਗੂ ਕੀਤੀ ਜਾਂਦੀ ਹੈ।

**ਨਾਰਮਜ਼**

ਇਸ ਸਕੀਮ ਅਧੀਨ ਦਾਖਲ ਵਿਦਿਆਰਥੀ ਅਤੀ ਦਰਜੇ ਦੇ ਗਰੀਬ ਪਰਿਵਾਰਾਂ ਵਿਚੋ ਹੁੰਦੇ ਹਨ, ਜਿੰਨਾਂ ਦੀਆਂ ਆਰਥਿਕ ਔਕੜਾ ਦਾ ਸਮਾਧਾਨ ਕਰਨ ਲਈ ਸਕੀਮ ਅਧੀਨ ਸਟਾਈਪੰਡ ਦੇਣ ਦਾ ਉਪਬੰਧ ਹੈ। ਇਸ ਸਕੀਮ ਲਈ ਮੈਡੀਕਲ ਅਤੇ ਇੰਜੀਨੀਅਰਿੰਗ ਕਲਾਸਾਂ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਜਿੰਨਾਂ ਵਿਦਿਆਰਥੀਆਂ ਦੇ ਮਾਪਿਆਂ/ ਸਰਪ੍ਰਸਤਾਂ ਦੀ ਸਲਾਨਾ ਆਮਦਨ 60,965/- ਤੋ ਘੱਟ ਹੈ, ਨੂੰ ਵਜੀਫਾ ਦਿੱਤਾ ਜਾਂਦਾ ਹੈ।

**ਵਜੀਫੇ ਦੇ ਰੇਟ**

| ਕੋਰਸ | ਡੇ-ਸਕਾਲਰ | ਹੋਸਟਲਰ |
|---|---|---|
| ਮੈਡੀਕਲ ਅਤੇ ਇੰਜੀਨੀਅਰਿੰਗ | 125/- ਪ੍ਰਤੀ ਮਹੀਨਾ | 250/- ਪ੍ਰਤੀ ਮਹੀਨਾ |